Surrey Schools
LEADERSHIP IN LEARNING

Tel: 604.596.7733
www.sd36.bc.ca

# ਅਸੀਂ ਬੱਚਿਆਂ ਦੀ ਪੜ੍ਹਾਈ ਲਈ ਘਰ ਕੀ ਕਰ ਸਕਦੇ ਹਾਂ?

## What can I do at home to be involved in the educational process ?

ਲਾਭਵੰਦ ਸਿੱਖਿਆ ਲਈ ਆਪਣੇ ਆਪ ਨਾਲ ਵਾਹਦਾ ਕਰਨਾ ਕਿ ਮੈਂ ਪੜ੍ਹਨਾ ਹੈ ਅਤੇ ਸਕੂਲ ਨਾਲ ਸਾਂਝ ਪਾਓਣਾ ਜ਼ਰੂਰੀ ਹੈ । ਸਕੂਲ ਤੋਂ ਪਰ੍ਹੇ ਮਾਪੇ ਹੀ ਮੁੱਖ ਕਾਰਣ ਹੈ ਜਿਸ ਨਾਲ ਬੱਚਿਆਂ ਦੀ ਪੜ੍ਹਾਈ ਲਈ ਕਾਮਯਾਬੀ ਅਤੇ ਦਿਲਚਸਪੀ ਵਧਦੀ ਹੈ । ਮਾਪੇ ਬੱਚਿਆਂ ਲਈ ਇੱਕ ਬਹੁਤ ਵੱਡੀ ਉਧਾਰਣ ਹੁੰਦੇ ਹਨ । ਮਾਪਿਆਂ ਦਾ ਆਪਣੇ ਬੱਚੇ ਦੀ ਪੜ੍ਹਾਈ ਵਿੱਚ ਹਿੱਸਾ ਲੈਣ ਨਾਲ ਬੱਚੇ ਦੀ ਨਿਪੁੰਨਤਾ ਸਕੂਲ ਦੇ ਸਾਰੇ ਵਿਸ਼ਿਆਂ ਵਿੱਚ ਵਧੱਦੀ ਹੈ ।

ਮਾਪੇ ਇਹ ਕਰ ਸਕਦੇ ਹਨ:

- ਜਦੋਂ ਬੱਚੇ ਪਹਿਲਾਂ ਲਿਖਣਾ ਪੜ੍ਹਨਾ ਸਿੱਖਣ ਉਸ ਵੇਲੇ ਹੱਲਾਸ਼ੇਰੀ ਦੀ ਬਹੁਤ ਜ਼ਰੂਰਤ ਹੈ
- ਬੱਚੇ ਨੂੰ ਪੜ੍ਹ ਕੇ ਸੁਣਾਓ ਅਤੇ ਓਸ ਕੋਲੋਂ ਪੜ੍ਹਦਿਆਂ ਸੁਣੋ
- ਬੱਚੇ ਦੇ ਨਾਲ ਜੋ ਸਕੂਲ ਵਿੱਚ ਹੋ ਰਿਹਾ ਹੈ ਓਸ ਬਾਰੇ ਵਿਚਾਰ ਕਰੋ
- ਘਰ ਵਿੱਚ ਪੜ੍ਹਨ ਲਈ, ਲਿਖਣ ਲਈ ਅਤੇ ਕਲਾ ਲਈ ਸਮਾਨ ਜ਼ਰੂਰ ਰੱਖੋ
- ਬੱਚੇ ਨੂੰ ਲਾਇਬਰੇਰੀ ਅਤੇ ਸ਼ਹਿਰ ਵਿੱਚ ਹੋਰ ਸਿੱਖਿਆ ਵਾਲੀਆਂ ਥਾਵਾਂ ਤੇ ਲਿਜਾਣਾ
- ਬੱਚਿਆਂ ਦਾ ਤੁਹਾਨੂੰ ਪੜ੍ਹਦਿਆਂ ਦੇਖਣਾ ਅਤੇ ਲਿਖਦਿਆਂ ਦੇਖਣਾ
- ਬੱਚਿਆਂ ਨੂੰ ਸ਼ਬਦਾਵਲੀ ਵਲ ਧਿਆਨ ਦੁਆਓਣਾ ਅਤੇ ਸ਼ਬਦਾ ਬਾਰੇ ਵਿਚਾਰ ਕਰਨੀ
- ਘਰ ਵਿੱਚ ਇੱਕ ਸ਼ਾਂਤਮਈ ਜਗਾਹ ਵਿੱਚ ਬੈਠ ਕਿ ਸਕੂਲ ਦਾ ਕੰਮ ਕਰਨ ਲਈ ਪ੍ਰੇਰਨਾ
- ਲਗਾਤਾਰ, ਸਮੇਂ ਸਿਰ ਸਕੂਲ ਆਓਣਾਂ ਅਤੇ ਆਓਂਦੇ ਹੀ ਰਹਿਣਾ
- ਜਦੋਂ ਬੱਚਾ ਕੁੱਝ ਕੰਮ ਕਰ ਲਵੇ ਤਾਂ ਓਸਦੀ ਹੌਸਲਾਂ ਅਫਜ਼ਾਈ ਅਤੇ ਸਿਫਤ ਕਰਨੀ
- ਬੱਚੇ ਦੇ ਅਧਿਆਪਕ ਨੂੰ ਮਿਲ ਕੇ ਸਲਾਹ ਲੈਣੀ ਕਿ ਬੱਚਾ ਕਿਧਰ ਧਿਆਨ ਦੇਵੇ
- ਬੱਚੇ ਨੂੰ ਇਹ ਸਿਖਾਓਣਾ ਕਿ ਲਿਖਨਾ, ਪੜ੍ਹਨਾ ਅਤੇ ਹਿਸਾਬ ਜ਼ਿੰਦਗੀ ਦੇ ਰੋਜ਼ ਕੰਮ ਆਓਣ ਵਾਲੇ ਸਾਧਿਨ ਹਨ ਅਤੇ ਇਹਨਾਂ ਵਿਸ਼ਿਆਂ ਓਪਰ ਪੂਰਾ ਧਿਆਨ ਦੇਣਾ ਜ਼ਰੂਰੀ ਹੈ ।
- ਜਿਵੇਂ ਬੱਚਾ ਵੱਢਾ ਹੁੰਦਾ ਹੈ ਓਸ ਦੇ ਨਾਲ ਨਾਲ ਓਹਦੀ ਜ਼ਿਮੇਵਾਰੀ ਵਧਾਓਣੀ
- ਸਭ ਤੋਂ ਜ਼ਰੂਰੀ ਹੈ ਕਿ ਬੱਚੇ ਨੂੰ ਵੱਧ ਤੋਂ ਵੱਧ ਅਧਾਰ ਮਿਲੇ, ਸਾਰੇ ਪ੍ਰੀਵਾਰ ਦਾ ।